# THE PUNJAB STATE BOARD OF TECHNICAL EDUCATION AND INDUSTRIAL TRAINING

PLOT NO. 1-A, SEC. 36-A, CHANDIGARH PH. : 615385, 622584-85 FAX : 660734


ਨੰ:ਪੀ.ਐਸ.ਬੀ./ਆਈ.ਟੀ/2016/2496 ਮਿਤੀ: 22.8.16.

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ/ਪ੍ਰਾਈਵੇਟ ਆਈ.ਟੀ.ਆਈ./ਆਈ.ਟੀ.ਸੀ. (ਇ:),
NCVT Scheme, ਪੰਜਾਬ ਰਾਜ ਅਧੀਨ।

ਵਿਸ਼ਾ: ਜੁਲਾਈ, 2016 ਦੇ ਐਨ.ਸੀ.ਵੀ.ਟੀ ਸਕੀਮ ਅਧੀਨ ਸਿਖਿਆਰਥੀਆਂ ਦਾ ਮਾਸਟਰ ਡਾਟਾ ਭੇਜਣ ਸਬੰਧੀ।

ਹਵਾਲਾ: ਇਸ ਦਫਤਰ ਦੇ ਪੱਤਰ ਨੰ. ਪੀ.ਐਸ.ਬੀ/ਆਈ.ਟੀ/2016/2309 ਮਿਤੀ: 2.8.2016 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਐਨ.ਸੀ.ਵੀ.ਟੀ (ਕੇਵਲ ਸਮੈਸਟਰ ਸੀਸਟਮ) ਸਕੀਮ ਅਧੀਨ ਅਪੀਅਰ ਹੋਏ ਸਿਖਿਆਰਥੀਆਂ ਦਾ ਮਾਸਟਰ ਡਾਟਾ ਹਵਾਲਾ ਅਧੀਨ ਪੱਤਰ ਰਾਹੀਂ ਨੱਥੀ ਪ੍ਰਫਾਰਮੇ ਵਿੱਚ (Excel File) ਮੰਗਿਆ ਗਿਆ ਸੀ। ਪਰ ਇਹ ਦੇਖਣ ਵਿੱਚ ਆਇਆ ਹੈ ਕਿ ਕਈ ਪ੍ਰੀਖਿਆ ਕੇਂਦਰਾਂ ਵੱਲੋਂ ਅੱਜ ਤੱਕ ਵੀ ਡਾਟਾ ਨਹੀਂ ਭੇਜਿਆ ਗਿਆ ਹੈ ਅਤੇ ਕਈ ਪ੍ਰੀਖਿਆ ਕੇਂਦਰਾਂ ਵੱਲੋਂ ਮੁਕੰਮਲ ਡਾਟਾ ਨਹੀਂ ਭੇਜਿਆ ਗਿਆ (ਭਾਵ ਉਹਨਾਂ ਦੇ ਅਧੀਨ ਸੰਸਥਾਵਾਂ/ਸਬ ਸੈਂਟਰਾਂ ਦਾ ਡਾਟਾ ਨਹੀਂ ਭੇਜਿਆ ਗਿਆ ਹੈ)। ਇਸ ਤੋਂ ਇਲਾਵਾ ਕੁਝ ਪ੍ਰੀਖਿਆ ਕੇਂਦਰਾਂ ਵੱਲੋਂ ਭੇਜੇ ਗਏ ਮਾਸਟਰ ਡਾਟਾ ਵਿੱਚ ਐਸ.ਸੀ.ਵੀ.ਟੀ(SCVT) ਸਿਖਿਆਰਥੀਆਂ ਦਾ ਡਾਟਾ ਵੀ ਸ਼ਾਮਲ ਕੀਤਾ ਗਿਆ ਹੈ, ਜਦੋਂ ਕਿ ਇਹ ਡਾਟਾ ਸਿਰਫ ਐਨ.ਸੀ.ਵੀ.ਟੀ (NCVT) ਸਮੈਸਟਰ ਸੀਸਟਮ ਸਕੀਮ ਅਧੀਨ ਅਪੀਅਰ ਹੋਏ ਸਿਖਿਆਰਥੀਆਂ ਦਾ ਹੀ ਤਿਆਰ ਕੀਤਾ ਜਾਣਾ ਸੀ। ਇਹ ਵੀ ਦੱਸਣਯੋਗ ਹੈ ਕਿ ਮਾਸਟਰ ਡਾਟਾ ਵਿੱਚ ਸਿਖਿਆਰਥੀਆਂ ਦੀ ਓ.ਐਮ.ਸ਼ੀਟ ਨੰ. ਦਾ ਵਰਣਨ ਕੀਤਾ ਜਾਣਾ ਸੀ ਅਤੇ ਇੰਜਨਰਿੰਗ ਡਰਾਇੰਗ ਦੀ ਸ਼ੀਟ (ਸਮੈਸਟਰ 2,3,4) ਜੋ ਕਿ ਗ੍ਰਾਫ ਪੇਪਰ ਤੇ ਹੁੰਦੀ ਹੈ, ਉਸ ਦੀ ਡਿਟੇਲ ਨਹੀਂ ਭੇਜੀ ਜਾਣੀ ਸੀ।

ਜਿਹੜੇ ਵੀ ਪ੍ਰੀਖਿਆ ਕੇਂਦਰਾਂ ਵੱਲੋਂ ਉਪਰੋਕਤ ਦਰਸਾਏ ਅਨੁਸਾਰ ਸੂਚਨਾ ਨਹੀਂ ਭੇਜੀ ਗਈ ਹੈ ਜਾਂ ਅਧੂਰੀ/ਗਲਤ ਸੂਚਨਾ ਭੇਜੀ ਗਈ ਹੈ, ਉਹਨਾਂ ਪ੍ਰੀਖਿਆ ਕੇਂਦਰਾਂ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਮੰਗਿਆ ਗਿਆ ਡਾਟਾ ਮੁੜ ਤੋਂ ਦਰੁਸੱਤ ਕਰਕੇ ਨਿਰਧਾਰਤ ਪ੍ਰਫਾਰਮੇ ਤੇ Excel ਫਾਇਲ ਵਿੱਚ ਤਿਆਰ ਕਰਕੇ ਬੋਰਡ ਦਫਤਰ ਦੀ ਕੇਵਲ ਈ-ਮੇਲ ਆਈ.ਡੀ: contitipb@gmail.com ਤੇ ਹੀ ਮਿਤੀ 23/8/2016 ਤੱਕ ਹਰ ਹਾਲਤ ਵਿੱਚ ਭੇਜਣਾ ਯਕੀਨੀ ਬਣਾਉਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀਆਂ ਦਾ ਨਤੀਜਾ ਘੋਸ਼ਿਤ ਨਹੀਂ ਕੀਤਾ ਜਾਵੇਗਾ ਅਤੇ ਇਸ ਦੀ ਸਮੁੱਚੀ ਜਿੰਮੇਵਾਰੀ ਪ੍ਰੀਖਿਆ ਕੇਂਦਰ ਦੇ ਸਬੰਧਤ ਪ੍ਰਿੰਸੀਪਲ/ਸੰਸਥਾ ਮੁੱਖੀ ਦੀ ਹੋਵੇਗੀ। ਇਹ ਮੁੜ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹਨਾਂ ਪ੍ਰੀਖਿਆ ਕੇਂਦਰਾਂ ਦੁਆਰਾ ਉਪਰੋਕਤ ਅਨੁਸਾਰ ਮੰਗੀ ਗਈ ਸੂਚਨਾ ਸਹੀ ਭੇਜੀ ਗਈ ਹੈ, ਉਹਨਾਂ ਵੱਲੋਂ ਇਸ ਪੱਤਰ ਨੂੰ ਨਜ਼ਰਅੰਦਾਜ਼ ਕੀਤਾ ਜਾਵੇ।

ਇਸ ਨੂੰ ਸਮਾਂ ਬੱਧ ਅਤੇ ਅਤਿ ਜ਼ਰੂਰੀ ਸਮਝਿਆ ਜਾਵੇ।

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)
ਵਾਸਤੇ ਸਕੱਤਰ
ਪੰਜਾਬ ਰਾਜ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਬੋਰਡ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ/ਸਕੱਤਰ
2. ਸੀਸਟਮ ਐਡੀਮੀਨੀਸਟਰੇਟਰ
3. ਐਡਮਿਨ ਸ਼ਾਖਾ

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)
ਵਾਸਤੇ ਸਕੱਤਰ
ਪੰਜਾਬ ਰਾਜ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਬੋਰਡ